William Osler Health System

# ਦੂਜਿਆਂ ਬਾਰੇ ਫੈਸਲਾ ਕਰਨਾ

### *ਦੂਜੇ ਦੀ ਥਾਂ ਉੱਤੇ ਫੈਸਲਾ ਲੈਣ ਵਾਲੇ {Substitute Decision Maker (SDM)}ਦਾ ਰੋਲ*

***ਸਾਡੀ ਦੂਰਦ੍ਰਿਸ਼ਟੀ: ਅਜਿਹੀ ਸਿਹਤ ਸੇਵਾ ਤਿਆਰ ਕਰਨਾ ਜੋ ਵਿਸ਼ਵ ਭਾਈਚਾਰੇ ਦੀ ਸੇਵਾ ਕਰੇ...ਵਿਭਿੰਨਤਾ ਤੋਂ ਪ੍ਰੇਰਿਤ***

ਇਹ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਸੌਖਾ ਸਮਾਂ ਨਹੀਂ ਹੋ ਸਕਦਾ। ਇੱਕ ਪਿਆਰਾ ਜੀਅ ਬਿਮਾਰ ਹੈ, ਹਸਪਤਾਲ ਵਿੱਚ ਦਾਖਲ ਹੈ ਅਤੇ ਆਪਣੇ ਖੁਦ ਦੇ ਇਲਾਜ ਬਾਰੇ ਫੈਸਲੇ ਕਰਨ ਤੋਂ ਅਸਮਰੱਥ ਹੈ। ਕਿਸੇ ਹੋਰ ਨੂੰ ਇਹ ਫੈਸਲੇ ਕਰਨੇ ਪੈਣੇ ਹਨ ਪ੍ਰਤੂੰ, ਕੌਣ? ਅਤੇ ਕਿਵੇਂ? ਇਹ ਕਿਤਾਬਚਾ ਉਹਨਾਂ ਸੁਆਲਾਂ ਦਾ ਜਵਾਬ ਦੇਣ ਲਈ ਤਿਆਰ ਕੀਤਾ ਗਿਆ ਹੈ।

## *ਇਲਾਜ ਬਾਰੇ ਫੈਸਲੇ ਕੌਣ ਕਰਦਾ ਹੈ?*

ਉਂਟੇਰੀਓ ਵਿੱਚ ਹਰ ਵਿਅਕਤੀ ਆਪਣੀ ਸਿਹਤ ਸੰਭਾਲ ਅਤੇ ਇਲਾਜ ਬਾਰੇ ਫੈਸਲਾ ਕਰ ਸਕਦਾ ਹੈ ਜਦੋਂ ਉਹ ਅਜਿਹਾ ਕਰਨ ਦੇ ਯੋਗ ਹੋਵੇ। ਜੇਕਰ ਮਰੀਜ਼ ਇਸ ਦੇ ਯੋਗ ਨਹੀਂ ਹੈ, **ਦੂਜੇ ਦੀ ਥਾਂ ਉੱਤੇ ਫੈਸਲਾ ਲੈਣ ਵਾਲਾ (SDM)** ਇਲਾਜ ਬਾਰੇ ਫੈਸਲੇ ਕਰਦਾ ਹੈ। **SDM** ਅਕਸਰ ਇੱਕ ਨੇੜਲਾ ਰਿਸ਼ਤੇਦਾਰ ਹੁੰਦਾ ਹੈ। (ਥੱਲੇ ਸੈਕਸ਼ਨ 1 ਵੇਖੋ)

## *ਦੂਜੇ ਦੀ ਥਾਂ ਫੈਸਲੇ ਲੈਣ ਵਾਲਾ ਫੈਸਲਾ ਕਿਵੇਂ ਲੈਂਦਾ ਹੈ?*

ਕਿਸੇ ਹੋਰ ਲਈ ਸਿਹਤ ਸਬੰਧੀ ਫੈਸਲੇ ਲੈਣ ਬਾਬਤ ਕਨੂੰਨ ਦੇ ਨੇਮ ਹਨ। ਇੱਕ **SDM** ਨੂੰ ਕਿਸੇ ਮਰੀਜ਼ ਲਈ ਫੈਸਲਾ ਕਰਨ ਲਈ ਆਖਿਆ ਜਾਂਦਾ ਹੈ ਜਦੋਂ ਮਰੀਜ਼ ਅਜਿਹਾ ਕਰਨ ਦੇ ਕਾਬਲ ਨਾ ਰਹੇ।

**SDM ਨੂੰ *ਮਰੀਜ਼ ਵੱਲੋਂ ਪਹਿਲਾਂ ਜ਼ਾਹਰ ਕੀਤੀਆਂ ਇੱਛਾਵਾਂ ਦੇ* ਆਧਾਰ ਉੱਤੇ ਫੈਸਲੇ ਕਰਨੇ ਹੁੰਦੇ ਹਨ। ਜੇਕਰ SDM ਇਸ ਸਥਿਤੀ ਵਿੱਚ ਲਾਗੂ ਇੱਛਾ ਬਾਰੇ ਨਹੀਂ ਜਾਣਦਾ, ਜਾਂ ਇੱਛਾ ਦੀ ਪਾਲਣਾ ਕਰਨਾ ਨਾਮੁਮਕਿਨ ਹੈ, SDM ਨੂੰ ਮਰੀਜ਼ ਦੇ ਬਿਹਤਰ ਹਿੱਤਾਂ ਵਿੱਚ ਫੈਸਲਾ ਕਰਨਾ ਚਾਹੀਦਾ ਹੈ।**

**ਖੁਦ ਨੂੰ ਪੁੱਛੋ: "ਕੀ ਮੇਰੀ ਮਾਂ ਨੇ ਇਸ ਸਥਿਤੀ ਬਾਰੇ ਗੱਲ ਕੀਤੀ ਹੈ – ਉਸਨੇ ਕੀ ਕਿਹਾ ਸੀ?" ਜਾਂ "ਕੀ ਮੇਰੀ ਮਾਂ ਆਖੇਗੀ ਕਿ ਉਸਨੂੰ ਇਹ ਇਲਾਜ ਕਰਵਾਉਣਾ ਹੈ ਜਾਂ ਨਹੀਂ?"**

## *ਕੀ ਜੀਵੰਤ ਵਸੀਅਤਾਂ (living wills) ਮਦਦ ਕਰ ਸਕਦੀਆਂ ਹਨ?*

ਮਰੀਜ਼ ਵੱਲੋਂ ਉਸ ਵੇਲੇ ਜਾਹਰ ਕੀਤੀਆਂ ਇੱਛਾਵਾਂ ਜਦੋਂ ਮਰੀਜ਼ ਅਜਿਹਾ ਕਰਨ ਦੇ ਕਾਬਲ ਸੀ **SDM** ਨੂੰ ਇਹ ਸਮਝਣ ਵਿੱਚ ਮਦਦ ਕਰ ਸਕਦੀਆਂ ਹਨ ਕਿ ਮਰੀਜ਼ ਬਦਲੀਆਂ ਸਥਿਤੀਆਂ ਵਿੱਚ ਕੀ ਚਾਹੁੰਦਾ ਹੋਵੇਗਾ। ਇੱਛਾਵਾਂ ਮੁਖਤਾਰਨਾਮੇ, ਕਿਸੇ ਹੋਰ ਲਿਖਤੀ ਰੂਪ ਵਿੱਚ (**ਜੀਵੰਤ ਵਸੀਅਤ**) ਜਾਂ ਬੋਲ ਕੇ ਜਾਹਰ ਕੀਤੀਆਂ ਜਾ ਸਕਦੀਆਂ ਹਨ। ਪਤਾ ਕਰੋ ਕਿ ਕੀ ਮਰੀਜ਼ ਨੇ ਇਲਾਜ ਬਾਬਤ ਇੱਛਾਵਾਂ ਪ੍ਰਗਟ ਕੀਤੀਆਂ ਹਨ?

## *ਤਾਂ ਕੀ ਹੋਵੇ ਜੇਕਰ ਤੁਹਾਨੂੰ ਮਰੀਜ਼ ਦੀ ਇੱਛਾ ਦਾ ਪਤਾ ਨਾ ਹੋਵੇ?*

ਜੇਕਰ **SDM** ਸਥਿਤੀ ਉੱਤੇ ਲਾਗੂ ਇੱਛਾ ਬਾਰੇ ਨਾ ਜਾਣਦਾ ਹੋਵੇ, ਜਾਂ ਜੇਕਰ ਇੱਛਾ ਦੀ ਪਾਲਣਾ ਕਰਨਾ ਨਾਮੁਮਕਿਨ ਹੋਵੇ, **SDM** ਨੂੰ ਇਲਾਜ ਬਾਰੇ ਫੈਸਲਾ ਮਰੀਜ਼ ਦੇ ਬਿਹਤਰ ਹਿੱਤਾਂ ਮੁਤਾਬਕ ਕਰਨਾ ਚਾਹੀਦਾ ਹੈ। **"ਬਿਹਤਰ ਹਿੱਤ"** ਮਰੀਜ਼ ਦੀਆਂ ਉਹਨਾਂ ਕਦਰਾਂ-ਕੀਮਤਾਂ ਅਤੇ ਵਿਸ਼ਵਾਸ਼ਾਂ ਨੂੰ ਖਿਆਲ ਵਿੱਚ ਰੱਖਕੇ ਤੈਅ ਕੀਤੇ ਜਾਂਦੇ ਹਨ ਜਿਹਨਾਂ ਬਾਰੇ **SDM** ਜਾਣਦਾ ਹੈ ਕਿ ਸਮਰੱਥ ਹੋਣ ਵੇਲੇ ਮਰੀਜ਼ ਇਹਨਾਂ ਨੂੰ ਮੰਨਦਾ ਸੀ ਅਤੇ ਉਹ ਇਲਾਜ ਬਾਰੇ ਫੈਸਲੇ ਜਿਹਨਾਂ ਬਦੌਲਤ ਮਰੀਜ਼ ਦੀ ਸਥਿਤੀ ਸੁਧਰੇਗੀ ਜਾਂ ਚੰਗੀ ਹੋ ਜਾਵੇਗੀ।

ਇਲਾਜ ਦੀ ਫਿਤਰਤ, ਹੋਣ ਵਾਲੇ ਸੰਭਵ ਲਾਭਾਂ, ਜਾਹਰ ਖਤਰਿਆਂ, ਦੁਸ਼ਪ੍ਰਭਾਵਾਂ, ਵਿਕਲਪ ਕਾਰਵਾਈਆਂ, ਅਤੇ ਇਲਾਜ ਨਾ ਕਰਵਾਉਣ ਦੇ ਸੰਭਾਵਿਤ ਸਿੱਟਿਆਂ ਬਾਰੇ ਜਾਣਕਾਰੀ ਹਾਸਲ ਕਰਨਾ **SDM** ਦਾ ਅਧਿਕਾਰ ਹੁੰਦਾ ਹੈ।

---

## *ਉਸ ਵੇਲੇ ਕੀ ਹੁੰਦਾ ਹੈ ਜਦੋਂ ਅਸਹਿਮਤੀਆਂ ਹੋਣ?*

ਕਈ ਵਾਰ, ਜਦੋਂ ਇੱਕ ਤੋਂ ਵੱਧ ਦੂਜੇ ਦੀ ਥਾਂ ਉੱਤੇ ਫੈਸਲਾ ਕਰਨ ਵਾਲੇ ਹੁੰਦੇ ਹਨ, ਉਹ ਇਲਾਜ ਦੇ ਫੈਸਲਿਆਂ ਬਾਰੇ ਅਸਿਹਮਤ ਹੋ ਸਕਦੇ ਹਨ। ਹਸਪਤਾਲ ਵਿੱਚ, ਅਸੀਂ ਅਜਿਹੀ ਅਸਿਹਮਤੀਆਂ ਨੂੰ ਸੁਲਝਾਉਣ ਵਿੱਚ ਮਦਦ ਕਰਨ ਦੀ ਖੁਸ਼ੀ ਲੈਂਦੇ ਹਾਂ ਅਤੇ ਇੱਥੇ ਤੁਹਾਡੀ ਮਦਦ ਕਰਨ ਲਈ ਸਿਖਲਾਈ ਪ੍ਰਾਪਤ ਪੇਸ਼ੇਵਰ ਵਿਅਕਤੀ ਹੁੰਦੇ ਹਨ। ਜੇਕਰ ਤੁਸੀਂ ਹਾਲੇ ਵੀ ਸਹਿਮਤ ਨਹੀਂ ਹੋ ਸਕਦੇ ਤਾਂ ਦੋ ਰਾਹ ਹੋ ਸਕਦੇ ਹਨ:

- The Public Guardian and Trustee ਦਫਤਰ ਦਾ ਕੋਈ ਅਧਿਕਾਰੀ ਫੈਸਲਾ ਕਰੇਗਾ
  **ਜਾਂ**

- The Consent & Capacity Board ਵੱਲੋਂ ਫੈਸਲਾ ਕਰਨ ਲਈ ਇੱਕ ਨੁਮਾਇੰਦਾ ਨਿਯੁਕਤ ਕੀਤਾ ਜਾਵੇਗਾ। ਇਹ ਨੁਮਾਇੰਦਾ ਦੂਜੇ ਦੀ ਥਾਂ ਉੱਤੇ ਫੈਸਲਾ ਲੈਣ ਵਾਲੇ ਵਿਅਕਤੀਆਂ ਵਿੱਚੋਂਹੀ ਇੱਕ ਹੋ ਸਕਦਾ ਹੈ ਜਾਂ ਨਹੀਂ ਵੀ।

## *The Consent & Capacity Board ਦਾ ਕੀ ਰੋਲ ਹੈ?*

ਕਈ ਵਾਰੀ ਜਦੋਂ ਟੀਮ ਅਤੇ SDM ਸਹਿਮਤ ਨਹੀਂ ਹੁੰਦੇ ਅਤੇ ਟੀਮ ਸਹਿਮਤੀ ਹਾਸਲ ਨਹੀਂ ਕਰ ਸਕਦੀ, **Consent and Capacity Board (CCB)** ਨਾਮਕ ਇੱਕ ਨਿਰਪੱਖ ਤੀਜੀ ਧਿਰ ਸ਼ਾਮਲ ਹੁੰਦੀ ਹੈ। ਇਸ ਕੇਸ ਵਿੱਚ ਇਹ ਵੇਖਣ ਲਈ CCB ਕੋਲ ਅਰਜ਼ੀ ਕੀਤੀ ਜਾ ਸਕਦੀ ਹੈ ਕਿ ਇਲਾਜ ਬਾਰੇ ਫੈਸਲਾ ਕਨੂੰਨ ਮੁਤਾਬਕ ਸਹੀ ਹੈ। ਇਹ ਸਿਰਫ ਉਸ ਵੇਲੇ ਹੁੰਦਾ ਹੈ ਜਦੋਂ **SDMs** ਅਤੇ ਇਲਾਜ ਕਰਨ ਵਾਲੀ ਟੀਮ ਲੰਬੀ ਚੌੜੀ ਵਿਚਾਰ ਤੋਂ ਬਾਅਦ ਵੀ ਕੋਈ ਸਿੱਟਾ ਨਹੀਂ ਕੱਢ ਸਕੇ ਜੋ ਸਾਰਿਆਂ ਦੀ ਸਤੁੰਸ਼ਟੀ ਵਾਲਾ ਹੋਵੇ।

ਸੈਕਸ਼ਨ 1

## Health Care Consent Act ਮੁਤਾਬਕ ਦੂਜੇ ਦੀ ਥਾਂ ਫੈਸਲਾ ਲੈਣ ਵਾਲਿਆਂ ਦੀ ਦਰਜ਼ਾਬੰਦੀ

1. ਇੱਕ ਸਰਪ੍ਰਸਤ ਜਿਸ ਨੂੰ ਇਲਾਜ ਬਾਰੇ ਸਹਿਮਤੀ ਦੇਣ ਜਾਂ ਇਨਕਾਰ ਕਰਨ ਦਾ ਅਧਿਕਾਰ ਹੋਵੇ
2. ਨਿੱਜੀ ਸੰਭਾਲ ਲਈ ਰੱਖਿਆ **ਵਕੀਲ** ਜਿਸਨੂੰ ਇਲਾਜ ਬਾਰੇ ਸਹਿਮਤੀ ਦੇਣ ਜਾਂ ਇਨਕਾਰ ਕਰਨ ਦਾ ਅਧਿਕਾਰ ਹੋਵੇ
3. The Consent & Capacity Board ਵੱਲੋਂ ਨਿਯੁਕਤ **ਨੁਮਾਇੰਦਾ**
4. **ਜੀਵਨ ਸਾਥੀ** ਜਾਂ **ਸਾਂਝੀਦਾਰ** (**ਪਾਰਟਨਰ**)
5. ਕੋਈ **ਧੀ ਪੁੱਤਰ** ਜਾਂ **ਮਾਪਾ**
6. ਕੋਈ **ਮਾਪਾ** ਜਿਸਨੂੰ ਸਿਰਫ ਮਿਲਣ ਦਾ ਅਧਿਕਾਰ ਹੋਵੇ
7. ਕੋਈ **ਭੈਣ** ਜਾਂ **ਭਰਾ**
8. ਕੋਈ ਹੋਰ **ਰਿਸ਼ਤੇਦਾਰ** (ਜਿਸ ਨਾਲ ਖੂਨ ਦਾ, ਵਿਆਹ ਜਾਂ ਗੋਦ ਲਏ ਜਾਣ ਕਰਕੇ ਰਿਸ਼ਤਾ ਹੋਵੇ)
9. Public Guardian and Trustee

(www.e-laws.gov.on.ca)

**ਕ੍ਰਿਪਾ ਕਰਕੇ ਸੁਆਲ ਪੁੱਛੋ।** ਅਸੀਂ ਇੱਥੇ ਆਪਣੇ ਮਰੀਜ਼ਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਮਦਦ ਕਰਨ ਲਈ ਹਾਂ।
William Osler Health System ਵਿਖੇ, ਅਸੀਂ ਮਰੀਜ਼ ਨੂੰ ਉੱਤਮ ਸੇਵਾ ਦੇਣ ਅਤੇ ਇਹ ਯਕੀਨੀ ਬਣਾਉਣ ਕਿ ਮਰੀਜ਼ਾਂ ਅਤੇ **SDMs** ਕੋਲ ਉਹਨਾਂ ਦੇ ਅਧਿਕਾਰਾਂ ਅਤੇ ਜੁੰਮੇਵਾਰੀਆਂ ਬਾਰੇ ਢੁੱਕਵੀਂ ਜਾਣਕਾਰੀ ਮੌਜੂਦ ਹੈ, ਵਾਸਤੇ ਵਚਨਬੱਧ ਹਾਂ। ਸੋਸ਼ਲ ਵਰਕਰਾਂ, ਰੂਹਾਨੀ ਸੰਭਾਲ ਪ੍ਰਦਾਨ ਕਰਨ ਵਾਲਿਆਂ ਅਤੇ ਇਖਲਾਕੀ ਮਾਹਰਾਂ ਸਮੇਤ ਸਾਡੇ ਸਟਾਫ ਨਾਲ ਗੱਲ ਕਰਨ ਵਿੱਚ ਖੁੱਲ ਮਹਿਸੂਸ ਕਰੋ।

ਇਹ ਪੇਸ਼ੇਵਰ ਮੁਸ਼ਕਲ ਸਮੇਂ ਦੌਰਾਨ ਹਰ ਕਿਸੇ ਦੀ ਮਦਦ ਕਰਨ ਵਾਸਤੇ ਅਤੇ ਇਹ ਯਕੀਨੀ ਬਣਾਉਣ ਲਈ ਹਨ ਕਿ **ਤੁਹਾਡੇ ਪਿਆਰੇ** ਦੀਆਂ ਇੱਛਾਵਾਂ ਅਤੇ ਉਸਦੇ ਬਿਹਤਰ ਹਿੱਤਾਂ ਮੁਤਾਬਕ ਇਲਾਜ ਸਬੰਧੀ ਸਹਿਮਤੀ ਦੇਣ ਲਈ ਜੋ ਜਾਣਕਾਰੀ ਦੀ ਤੁਹਾਨੂੰ ਲੋੜ ਹੈ, ਉਹ ਤੁਹਾਡੇ ਕੋਲ ਹੋਵੇ।

## ਸੰਪਰਕ ਜਾਣਕਾਰੀ

### William Osler Health System - Clinical & Corporate Ethics

905- 494-2120 ਐਕਸਟੈਨਸ਼ਨ 56630
www.williamoslerhs.ca

### Consent & Capacity Board - Toronto Regional Office

ਫੋਨ: (416) 327-4142
ਫੈਕਸ: (416) 924-8873
www.ccboard.on.ca

### Health Care Consent Act

www.e-laws.gov.on.ca